WORKSAFE BC | ਨਿਊਜ਼ ਰਿਲੀਜ਼

# ਪਿਛਲੇ ਸਾਲ, 7,000 ਨਾਲੋਂ ਜ਼ਿਆਦਾ ਜਵਾਨ ਵਰਕਰਾਂ ਦੇ ਕੰਮ `ਤੇ ਸੱਟ ਲੱਗੀ ਸੀ

*ਜਿਵੇਂ ਗਰਮੀਆਂ ਦਾ ਮੌਸਮ ਆ ਰਿਹਾ ਹੈ, ਵਰਕਸੇਫ ਬੀ ਸੀ ਜਵਾਨ ਵਰਕਰਾਂ ਨੂੰ ਆਪਣੇ ਹੱਕਾਂ ਬਾਰੇ-ਅਤੇ ਕੰਮ-ਮਾਲਕਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਬਾਰੇ ਚੇਤੇ ਕਰਵਾ ਰਹੀ ਹੈ।*

**ਰਿਚਮੰਡ, ਬੀ.ਸੀ. (27 ਮਈ, 2022)** – ਜਦੋਂ ਵੱਡੀ ਗਿਣਤੀ ਵਿਚ ਜਵਾਨ ਲੋਕ ਗਰਮੀਆਂ ਦੀਆਂ ਜੌਬਾਂ ਲਈ ਕੰਮ ਕਰਨ ਵਾਲਿਆਂ ਵਿਚ ਦਾਖਲ ਹੋ ਰਹੇ ਹਨ, ਵਰਕਸੇਫ ਬੀ ਸੀ ਖਬਰਦਾਰ ਕਰ ਰਹੀ ਹੈ ਕਿ ਜਵਾਨ ਅਤੇ ਨਵੇਂ ਵਰਕਰਾਂ ਦੇ ਕੰਮਾਂ `ਤੇ ਸੱਟ ਲੱਗਣ ਦਾ ਡਰ ਹੁੰਦਾ ਹੈ।

ਸਾਲ 2021 ਵਿਚ, ਵਰਕਸੇਫ ਬੀ ਸੀ ਨੇ ਜਵਾਨ ਵਰਕਰਾਂ ਤੋਂ ਸੱਟਾਂ ਨਾਲ ਸੰਬੰਧਿਤ 7,125 ਕਲੇਮ ਪ੍ਰਵਾਨ ਕੀਤੇ। ਜ਼ਿਆਦਾ ਸੱਟਾਂ ਸਰਵਿਸ-ਸੈਕਟਰ ਦੀਆਂ ਜੌਬਾਂ ਵਿਚ ਲੱਗੀਆਂ ਸਨ (2,801 ਕਲੇਮ), ਇਸ ਤੋਂ ਬਾਅਦ ਰੀਟੇਲ ਅਤੇ ਹੋਲਸੇਲ (1,335 ਕਲੇਮ), ਅਤੇ ਕਨਸਟਰੱਕਸ਼ਨ (1,258 ਕਲੇਮ) ਆਉਂਦੇ ਹਨ। ਪਿਛਲੇ ਪੰਜ ਸਾਲਾਂ ਵਿਚ, ਕੰਮਾਂ ਦੀਆਂ ਥਾਂਵਾਂ ਦੀਆਂ ਘਟਨਾਵਾਂ ਵਿਚ 16 ਜਵਾਨ ਵਰਕਰ ਮਾਰੇ ਗਏ ਹਨ।

ਵਰਕਸੇਫ ਬੀ ਸੀ ਵਿਖੇ, ਪ੍ਰੀਵੈਨਸ਼ਨ ਫੀਲਡ ਸਰਵਿਸਿਜ਼ ਔਫੀਸਰ, ਸੰਦੀਪ ਮਾਂਗਟ ਦਾ ਕਹਿਣਾ ਹੈ, "ਸਾਰੀਆਂ ਗੰਭੀਰ ਸੱਟਾਂ ਵਿੱਚੋਂ ਅੱਧ ਨਾਲੋਂ ਜ਼ਿਆਦਾ ਰੁਜ਼ਗਾਰ ਦੇ ਪਹਿਲੇ ਛੇ ਮਹੀਨਿਆਂ ਵਿਚ ਲੱਗਦੀਆਂ ਹਨ। ਇਹ ਸੱਟਾਂ, ਅਢੁਕਵੀਂ ਟਰੇਨਿੰਗ, ਜਾਣਕਾਰੀ, ਅਤੇ ਨਿਗਰਾਨੀ, ਗੈਰ-ਤਜਰਬੇ ਦਾ ਸਿੱਟਾ, ਜਾਂ ਬੋਲਣ, ਸਵਾਲ ਪੁੱਛਣ, ਅਤੇ ਸਿਹਤ ਅਤੇ ਸੇਫਟੀ ਦੇ ਮਸਲੇ ਉਠਾਉਣ ਵਿਚ ਝਿਜਕ ਦਾ ਨਤੀਜਾ ਹੋ ਸਕਦੀਆਂ ਹਨ।"

## ਨਾਂਹ ਕਰਨ ਦਾ ਹੱਕ

ਜਵਾਨ ਵਰਕਰਾਂ ਲਈ ਕੰਮ ਦੀ ਥਾਂ ਵਿਚ ਆਪਣੇ ਹੱਕਾਂ ਬਾਰੇ ਜਾਣੂ ਹੋਣਾ ਜ਼ਰੂਰੀ ਹੈ, ਖਾਸ ਕਰਕੇ ਅਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨ ਦੇ ਹੱਕ ਬਾਰੇ। ਬੀ.ਸੀ. ਵਿਚ ਸਾਰੇ ਵਰਕਰਾਂ ਨੂੰ ਅਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨ ਦਾ ਕਾਨੂੰਨੀ ਹੱਕ ਹੈ ਜੇ ਇਹ ਯਕੀਨ ਕਰਨ ਦਾ ਵਾਜਬ ਕਾਰਨ ਹੋਵੇ ਕਿ ਅਜਿਹਾ ਕੰਮ ਉਨ੍ਹਾਂ ਦੀ ਸਿਹਤ ਅਤੇ ਸੇਫਟੀ ਲਈ ਨਾਵਾਜਬ ਖਤਰਾ ਪੈਦਾ ਕਰੇਗਾ।

ਮਾਂਗਟ ਦਾ ਕਹਿਣਾ ਹੈ, "ਹਰ ਵਰਕਰ ਨੂੰ ਅਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨ ਦਾ ਹੱਕ ਹੈ। ਜਵਾਨ ਵਰਕਰਾਂ ਨੂੰ ਆਪਣੇ ਸੁਪਰਵਾਈਜ਼ਰਾਂ ਨਾਲ ਗੱਲ ਕਰਨੀ ਚਾਹੀਦੀ ਹੈ ਜੇ ਉਹ ਇਹ ਮਹਿਸੂਸ ਕਰਦੇ ਹੋਣ ਕਿ ਕੋਈ ਕੰਮ ਖਤਰਨਾਕ ਹੋ ਸਕਦਾ ਹੈ। ਆਪਣੀ ਸੂਝ `ਤੇ ਭਰੋਸਾ ਕਰੋ – ਇਹ ਕਹਿਣਾ ਓਕੇ ਹੈ, 'ਇਹ ਕੰਮ ਕਰਨ ਲਈ ਆਰਾਮਦੇਹ ਹੋਣ ਤੋਂ ਪਹਿਲਾਂ ਮੈਨੂੰ ਹੋਰ ਟਰੇਨਿੰਗ ਦੀ ਲੋੜ ਹੈ' ਜਾਂ 'ਇਹ ਕੰਮ ਸੇਫ ਨਹੀਂ ਮਹਿਸੂਸ ਹੁੰਦਾ।'''

ਅਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨ `ਤੇ ਜਾਂ ਸੁਪਰਵਾਈਜ਼ਰ ਕੋਲ ਖਤਰਿਆਂ ਦੀ ਰਿਪੋਰਟ ਕਰਨ `ਤੇ ਕਿਸੇ ਨੂੰ ਸਜ਼ਾ ਦੇਣਾ ਜਾਂ ਕੰਮ ਤੋਂ ਹਟਾਉਣਾ ਕੰਮ-ਮਾਲਕਾਂ ਲਈ ਗੈਰਕਾਨੂੰਨੀ ਹੈ।

ਜੇ ਕੋਈ ਜਵਾਨ ਵਿਅਕਤੀ ਇਹ ਮਹਿਸੂਸ ਕਰਦਾ ਹੈ ਕਿ ਕਿਸੇ ਅਸੁਰੱਖਿਅਤ ਹਾਲਤ ਦਾ ਹੱਲ ਨਹੀਂ ਕੀਤਾ ਗਿਆ ਹੈ ਤਾਂ ਉਹ ਸਾਡੀ ਪ੍ਰੀਵੈਨਸ਼ਨ ਲਾਈਨ ਨਾਲ ਇਸ ਨੰਬਰ `ਤੇ ਸੰਪਰਕ ਕਰ ਸਕਦੇ ਹਨ (ਜੇ ਤਰਜੀਹ ਹੋਵੇ ਤਾਂ ਗੁਮਨਾਮ ਰਹਿ ਕੇ) ਅਤੇ ਸਿੱਧਾ ਪ੍ਰੀਵੈਨਸ਼ਨ ਅਫਸਰ ਨਾਲ ਗੱਲ ਕਰ ਸਕਦੇ ਹਨ: 1.888.621.7233

## ਕੰਮ-ਮਾਲਕ ਦੀਆਂ ਜ਼ਿੰਮੇਵਾਰੀਆਂ

*ਵਰਕਰਜ਼ ਕੰਪਨਸੇਸ਼ਨ ਐਕਟ* ਹੇਠ, ਕੰਮ-ਮਾਲਕਾਂ ਦੀ ਇਹ ਪੱਕਾ ਕਰਨ ਦੀ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਜਵਾਨ ਅਤੇ ਨਵੇਂ ਵਰਕਰਾਂ ਨੂੰ ਢੁਕਵੀਂ ਟਰੇਨਿੰਗ ਮਿਲੀ ਹੈ ਅਤੇ ਉਨ੍ਹਾਂ ਦੀ ਨਿਗਰਾਨੀ ਕੀਤੀ ਗਈ ਹੈ।

ਜੇ ਕੰਮ-ਮਾਲਕ ਜਵਾਨ ਵਰਕਰਾਂ ਨੂੰ ਸਹੀ ਤਰ੍ਹਾਂ ਟਰੇਂਡ ਕਰਨ ਜਾਂ ਉਨ੍ਹਾਂ ਦੀ ਨਿਗਰਾਨੀ ਕਰਨ ਵਿਚ ਫੇਲ੍ਹ ਹੁੰਦੇ ਹਨ ਤਾਂ ਵਰਕਸੇਫ ਬੀ ਸੀ ਨਿਯਮਾਂ ਨੂੰ ਲਾਗੂ ਕਰਵਾਉਣ ਲਈ ਵੱਖ ਵੱਖ ਟੂਲਜ਼ ਵਰਤ ਸਕਦੀ ਹੈ, ਜਿਸ ਵਿਚ ਆਰਡਰ, ਵਾਰਨਿੰਗ ਦੇਣ ਵਾਲੀਆਂ ਚਿੱਠੀਆਂ, ਕੰਮ ਰੋਕਣ ਦੇ ਆਰਡਰ, ਪਾਲਣਾ ਕਰਨ ਬਾਰੇ ਐਗਰੀਮੈਂਟ ਅਤੇ ਜਿੱਥੇ ਲੋੜ ਹੋਵੇ ਜੁਰਮਾਨੇ ਅਤੇ ਪੈਨਲਟੀਆਂ ਸ਼ਾਮਲ ਹਨ।

**ਮਾਪੇ ਰੋਲ ਨਿਭਾ ਸਕਦੇ ਹਨ।**

ਜਵਾਨ ਵਰਕਰਾਂ ਦੀ ਮਦਦ ਕਰਨ ਵਿਚ ਮਾਪੇ ਵੀ ਰੋਲ ਨਿਭਾ ਸਕਦੇ ਹਨ।

ਮਾਂਗਟ ਦਾ ਕਹਿਣਾ ਹੈ, "ਕੰਮ ਦੀ ਥਾਂ `ਤੇ ਸਿਹਤ ਅਤੇ ਸੇਫਟੀ ਬਾਰੇ ਆਪਣੇ ਜਵਾਨ ਬਾਲਗ ਬੱਚਿਆਂ ਨਾਲ ਗੱਲ ਕਰੋ। ਕੰਮ ਦੀ ਥਾਂ `ਤੇ ਸੇਫਟੀ ਬਾਰੇ ਵੱਖ ਵੱਖ ਵਸੀਲਿਆਂ ਤੱਕ ਪਹੁੰਚ ਕਰਨ ਲਈ, ਜਿਸ ਵਿਚ ਅਸਲੀ ਕਹਾਣੀਆਂ, ਵੀਡਿਓਜ਼, ਕਿਤਾਬਾਂ, ਅਤੇ ਸਲਾਈਡ ਸ਼ੋਅ ਸ਼ਾਮਲ ਹਨ - ਰਲ ਕੇ worksafebc.com/young workers `ਤੇ ਜਾਉ।"

-30-

**ਵਸੀਲੇ**

Keeping your kids safe at work: A guide for parents | WorkSafeBC
Staying safe at work | WorkSafeBC
Young and New Worker Orientation Checklist | WorkSafeBC

**ਵਰਕਸੇਫ ਬੀ ਸੀ ਬਾਰੇ**

*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ' ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ' ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ ਤਕਰੀਬਨ 2.5 ਮਿਲੀਅਨ ਵਰਕਰਾਂ ਅਤੇ 249,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ
ਈਮੇਲ: media@worksafebc.com
ਟੈਲੀਫੋਨ: 604-276-5157